# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਅਚਾਨਕ ਮੌਤ ਨਾਲ ਸਿੱਝ ਰਹੇ ਲੋਕਾਂ ਲਈ ਮਦਦ ਮੌਜੂਦ ਹੈ

ਪਰਿਵਾਰ ਦੇ ਕਿਸੇ ਮੈਂਬਰ ਜਾਂ ਨੇੜਲੇ ਦੋਸਤ ਦੀ ਮੌਤ ਕਿਸੇ ਵਿਅਕਤੀ ਦੀ ਜ਼ਿੰਦਗੀ ਦੀਆਂ ਸਭ ਤੋਂ ਦੁਖਦਾਈ ਘਟਨਾਵਾਂ ਵਿੱਚੋਂ ਇਕ ਹੋ ਸਕਦੀ ਹੈ। ਜਦੋਂ ਅਚਾਨਕ ਮੌਤ ਹੋ ਜਾਂਦੀ ਹੈ, ਜਾਂ ਜਦੋਂ ਇਹ ਕਿਸੇ ਕਤਲ ਜਾਂ ਹੋਰ ਸਦਮੇ ਵਾਲੀ ਘਟਨਾ ਦਾ ਨਤੀਜਾ ਹੁੰਦੀ ਹੈ ਤਾਂ ਦੁੱਖ ਬਹੁਤ ਵਧ ਜਾਂਦਾ ਹੈ।

ਕਿਸੇ ਪਿਆਰੇ ਦੀ ਅਚਾਨਕ ਮੌਤ ਦੇ ਵੱਡੇ ਪੱਧਰ ’ਤੇ ਸਿੱਟੇ ਨਿਕਲ ਸਕਦੇ ਹਨ– ਨਾ ਸਿਰਫ ਤੀਬਰ ਜਜ਼ਬਾਤੀ ਅਸਰ ਸਗੋਂ ਸਰੀਰਕ ਲੱਛਣ ਅਤੇ ਮਾਇਕ ਤੰਗੀ ਵੀ। ਕਿਸੇ ਪਿਆਰੇ ਦੀ ਮੌਤ ਤੋਂ ਬਾਅਦ ਜਿਹੜੇ ਵਿਹਾਰਕ, ਕਾਨੂੰਨੀ ਅਤੇ ਮਾਇਕ ਮਾਮਲਿਆਂ ਵੱਲ ਧਿਆਨ ਦਿੱਤੇ ਜਾਣ ਦੀ ਲੋੜ ਹੁੰਦੀ ਹੈ, ਉਹ ਉਦੋਂ ਬਹੁਤ ਜ਼ਿਆਦਾ ਗਲਬਾ ਪਾਉਣ ਵਾਲੇ ਹੋ ਸਕਦੇ ਹਨ ਜਦੋਂ ਕੋਈ ਇਨ੍ਹਾਂ ਨਾਲ ਸਿੱਝਣ ਲਈ ਸਭ ਤੋਂ ਘੱਟ ਤਿਆਰ ਹੁੰਦਾ ਹੈ। ਜਦੋਂ ਕਿਸੇ ਵਿਅਕਤੀ ਦੀ ਅਚਾਨਕ ਜਾਂ ਅਣਚਿਤਵੀ ਮੌਤ ਹੋ ਜਾਂਦੀ ਹੈ ਤਾਂ ਇਹ ਮਾਮਲੇ ਕਿਤੇ ਜ਼ਿਆਦਾ ਗੁੰਝਲਦਾਰ ਬਣ ਸਕਦੇ ਹਨ।

ਜੇ ਤੁਸੀਂ ਆਪਣੇ ਨੇੜਲੇ ਕਿਸੇ ਵਿਅਕਤੀ ਦੀ ਅਚਾਨਕ ਮੌਤ ਨਾਲ ਸਿੱਝ ਰਹੇ ਹੋ ਜਾਂ ਤੁਹਾਨੂੰ ਜਾਣਦਾ ਕੋਈ ਸਿੱਝ ਰਿਹਾ ਹੈ ਤਾਂ **ਮਦਦ ਮੌਜੂਦ ਹੈ।**

## ਪਰਿਵਾਰ ਅਤੇ ਨੇੜਲੇ ਦੋਸਤਾਂ ’ਤੇ ਕਿਵੇਂ ਅਸਰ ਪੈ ਸਕਦਾ ਹੈ

ਕਿਸੇ ਪਿਆਰੇ ਦਾ ਅਚਾਨਕ ਤੁਰ ਜਾਣਾ ਅਕਸਰ ਜ਼ਿੰਦਗੀ ਬਦਲਣ ਵਾਲੀ ਘਟਨਾ ਹੁੰਦਾ ਹੈ ਪਰ ਅਚਾਨਕ ਮੌਤ ਪ੍ਰਤੀ ਖਾਸ ਰੀਐਕਸ਼ਨ ਸਾਰੇ ਵਿਅਕਤੀਆਂ ਦੇ ਬਹੁਤ ਵੱਖ ਵੱਖ ਅਤੇ ਵਿਲੱਖਣ ਹੁੰਦੇ ਹਨ ਜਿਨ੍ਹਾਂ ਦਾ ਮ੍ਰਿਤਕ ਨਾਲ ਸਬੰਧ ਹੁੰਦਾ ਹੈ। ਕੁਝ ਸਾਂਝੇ, ਕੁਦਰਤੀ ਰੀਐਕਸ਼ਨ ਇਹ ਹਨ:

- ਬਹੁਤ ਜ਼ਿਆਦਾ ਧੱਕਾ ਲੱਗਣਾ
- ਜਜ਼ਬਾਤੀ ਤੌਰ ’ਤੇ ਸੁੰਨ ਹੋਣਾ
- ਸਰੀਰਕ ਥਕਾਵਟ, ਕਮਜ਼ੋਰੀ ਜਾਂ ਪਾਲ਼ਾ
- ਸਟਰੈੱਸ, ਚਿੰਤਾ, ਡਰ
- ਸੌਣ ਜਾਂ ਖਾਣ ਦੀਆਂ ਆਦਤਾਂ ਵਿਚ ਤਬਦੀਲੀਆਂ
- ਉਦਾਸੀ, ਡਿਪਰੈਸ਼ਨ
- ਮੰਨਣ ਤੋਂ ਨਾਂਹ
- ਇਕੱਲਤਾ
- ਗੁੱਸਾ, ਚਿੜਚਿੜਾਪਨ
- ਸੋਗ ਦੀ ਭਾਵਨਾ, ਸੋਗ ਜ਼ਾਹਰ ਕਰਨ ਵਿਚ ਅਸਮਰੱਥਾ
- ਭੰਬਲਭੂਸਾ, ਚੇਤਾ ਭੁੱਲਣਾ, ਧਿਆਨ ਦੇਣ ਦੇ ਅਯੋਗ ਹੋਣਾ
- ਭਰੋਸੇ ਦਾ ਜਾਂਦਾ ਰਹਿਣਾ

ਮੁਜਰਮਾਨਾ ਕੇਸਾਂ ਵਿਚ, ਅਦਾਲਤ ਨੂੰ ਕੇਸ ਜਾਣ ਲਈ ਲੱਗਦੇ ਸਮੇਂ ਅਤੇ ਸਟਰੈੱਸ ਕਾਰਨ ਪਰਿਵਾਰ ਅਤੇ ਦੋਸਤਾਂ ਦਾ ਸੋਗ ਦਾ ਅਨੁਭਵ ਲੰਮਾ ਹੋ ਸਕਦਾ ਹੈ। ਕੁਝ ਕੇਸਾਂ ਵਿਚ, ਪਰਿਵਾਰ ਅਤੇ ਦੋਸਤਾਂ ਦੇ ਮੀਡੀਏ ਦੇ ਧਿਆਨ ਵਿਚ ਆਉਣ ਕਾਰਨ ਸੋਗ ਮਨਾਉਣਾ ਬਹੁਤ ਜਨਤਕ ਹੋ ਜਾਂਦਾ ਹੈ।

ਭਾਵੇਂ ਕਿ ਬੱਚਿਆਂ ਨੂੰ ਸੋਗ ਦਾ ਅਨੁਭਵ ਹੁੰਦਾ ਹੈ ਅਤੇ ਉਨ੍ਹਾਂ ਦੇ ਰੀਐਕਸ਼ਨ ਵੀ ਬਾਲਗਾਂ ਵਰਗੇ ਹੁੰਦੇ ਹਨ, ਪਰ ਉਹ ਆਪਣੇ ਜਜ਼ਬਾਤ ਵੱਖਰੇ ਤਰੀਕੇ ਨਾਲ ਜ਼ਾਹਰ ਕਰਦੇ ਹਨ ਅਤੇ ਉਨ੍ਹਾਂ ਦੇ ਮੌਤ ਬਾਰੇ ਵੱਖਰੇ ਵਿਚਾਰ ਹੋ ਸਕਦੇ ਹਨ। ਜੇ ਉਹ ਆਪਣੀਆਂ ਭਾਵਨਾਵਾਂ ਸ਼ਬਦਾਂ ਵਿਚ ਪ੍ਰਗਟਾ ਨਾ ਸਕਦੇ ਹੋਣ ਤਾਂ ਉਹ ਇਨ੍ਹਾਂ ਨੂੰ ਐਕਸ਼ਨਾਂ ਵਿਚ ਜਾਂ ਜ਼ਾਹਰ ਕਰਨ ਦੀਆਂ ਨਿਸ਼ਾਨੀਆਂ ਵਿਚ ਪ੍ਰਗਟ ਕਰ ਸਕਦੇ ਹਨ ਜਿਵੇਂ ਕਿ ਡਰਾਉਣੇ ਸੁਫਨੇ ਆਉਣਾ, ਬਿਸਤਰੇ ’ਤੇ ਪਿਸ਼ਾਬ ਕਰਨਾ, ਜਾਂ ਖਾਣ ਜਾਂ ਸੌਣ ਵਿਚ ਮੁਸ਼ਕਲ ਆਉਣਾ। ਕੁਝ ਬੱਚੇ ਚੁੱਪ ਅਤੇ ਪਿੱਛੇ ਹਟ ਸਕਦੇ ਹਨ ਜਦ ਕਿ ਦੂਜੇ ਮੰਗ ਕਰਨ ਵਾਲੇ ਅਤੇ ਧੱਕੜ ਬਣ ਸਕਦੇ ਹਨ।

## ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ

### ਵਿਕਟਿਮ ਸਰਵਿਸਿਜ਼

ਵਿਕਟਿਮ ਸਰਵਿਸ ਵਰਕਰ, ਕਮਿਊਨਟੀ ਏਜੰਸੀਆਂ ਜਾਂ ਪੁਲੀਸ ਸਟੇਸ਼ਨਾਂ ਵਿਚ ਸਥਿਤ ਹਨ, ਅਤੇ ਉਹ ਜਜ਼ਬਾਤੀ ਮਦਦ ਕਰਦੇ ਹਨ, ਨਿਆਂਇਕ ਸਿਸਟਮ, ਸੇਫਟੀ ਪਲੈਨਿੰਗ ਬਾਰੇ ਜਾਣਕਾਰੀ ਦਿੰਦੇ ਹਨ, ਕੌਂਸਲਿੰਗ ਅਤੇ ਹੋਰ ਸੇਵਾਵਾਂ ਕੋਲ ਭੇਜਦੇ ਹਨ, ਜੁਰਮਾਂ ਦਾ ਸ਼ਿਕਾਰ ਹੋਇਆਂ ਲਈ ਸਹਾਇਤਾ ਦੇ ਭੱਤੇ ਲੈਣ ਵਿਚ ਮਦਦ ਕਰਦੇ ਹਨ, ਅਤੇ ਅਦਾਲਤ ਵਿਚ ਜਾਣ ਦੌਰਾਨ ਮਦਦ ਕਰਦੇ ਹਨ। ਤੁਸੀਂ 1-800-563-0808 ’ਤੇ **ਵਿਕਟਿਮਲਿੰਕ ਬੀ ਸੀ** ਨੂੰ ਫੋਨ ਕਰਕੇ (ਇਕ ਮੁਫਤ, 24 ਘੰਟੇ ਚੱਲਣ ਵਾਲੀ ਬਹੁਭਾਸ਼ਾਈ ਟੈਲੀਫੋਨ ਲਾਈਨ) ਜਾਂ www.victimlinkbc.ca ਵੈੱਬਸਾਈਟ ’ਤੇ ਜਾ ਕੇ ਜ਼ਿਆਦਾ ਜਾਣਕਾਰੀ ਲੈ ਸਕਦੇ ਹੋ ਜਾਂ ਆਪਣੇ ਇਲਾਕੇ ਵਿਚਲੇ ਵਿਕਟਿਮ ਸਰਵਿਸ ਪ੍ਰੋਗਰਾਮ ਨਾਲ ਜੁੜ ਸਕਦੇ ਹੋ।

BRITISH COLUMBIA | Ministry of Justice

## ਕੌਰੋਨਰਜ਼ ਸਰਵਿਸ

ਕੌਰੋਨਰਜ਼ ਸਰਵਿਸ ਸਾਰੀਆਂ ਗੈਰ-ਕੁਦਰਤੀ, ਅਚਾਨਕ, ਅਤੇ ਅਣਚਿਤਵੀਆਂ, ਅਣਵਿਆਖਿਆਈਆਂ ਜਾਂ ਨਿਗਰਾਨੀ ਰਹਿਤ ਮੌਤਾਂ ਦੀ ਪੜਤਾਲ ਲਈ ਜ਼ਿੰਮੇਵਾਰ ਹੈ। ਮੌਤ ਦੀ ਸੂਚਨਾ ਆਮ ਤੌਰ 'ਤੇ ਪੁਲੀਸ, ਹਸਪਤਾਲਾਂ, ਜਾਂ ਡਾਕਟਰਾਂ ਤੋਂ ਮਿਲਦੀ ਹੈ; ਪਰ ਇਨ੍ਹਾਂ ਹਾਲਤਾਂ ਵਿਚ ਹੋਈ ਮੌਤ ਬਾਰੇ ਕੋਈ ਵੀ ਰਿਪੋਰਟ ਕਰ ਸਕਦਾ ਹੈ ਅਤੇ ਕੀਤੀ ਜਾਣੀ ਚਾਹੀਦੀ ਹੈ।

ਕੌਰੋਨਰਜ਼ ਸਰਵਿਸ, ਕੌਰੋਨਰਜ਼ ਐਕਟ ਮੁਤਾਬਕ ਮੌਤ ਨਾਲ ਸੰਬੰਧਿਤ ਤੱਥਾਂ ਦੀ ਜਾਂਚ ਕਰਦੀ ਹੈ। ਕੌਰੋਨਰ ਲਈ ਮ੍ਰਿਤਕ ਦੀ ਪਛਾਣ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ ਅਤੇ ਜਨਤਕ ਰਿਕਾਰਡ ਲਈ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਕਿਵੇਂ, ਕਦੋਂ, ਕਿੱਥੇ ਅਤੇ ਕਿਹੜੇ ਤਰੀਕਿਆਂ ਨਾਲ ਉਸ ਦੀ ਮੌਤ ਹੋਈ ਹੈ। ਕੁਝ ਕੇਸਾਂ ਵਿਚ, ਇਹ ਫੈਸਲੇ ਕਰਨ ਵਿਚ ਮਦਦ ਲਈ ਕੌਰੋਨਰ ਨੂੰ ਪੋਸਟਮਾਰਟਮ (ਅਟੌਪਸੀ) ਦੀ ਲੋੜ ਹੁੰਦੀ ਹੈ। ਪੋਸਟਮਾਰਟਮਜ਼ ਦਾ ਆਰਡਰ ਹਰ ਕੇਸ ਦੇ ਆਧਾਰ 'ਤੇ ਕੀਤਾ ਜਾਂਦਾ ਹੈ; ਜੇ ਲੋੜ ਹੋਵੇ ਤਾਂ ਇਹ ਆਰਡਰ ਕੀਤਾ ਜਾਂਦਾ ਹੈ। ਕੌਰੋਨਰ ਦੀ ਪੜਤਾਲ ਦਾ ਸਿੱਟਾ ਕੌਰੋਨਰ ਦੇ ਫੈਸਲੇ ਜਾਂ ਤਫ਼ਤੀਸ਼ ਨਾਲ ਕੱਢਿਆ ਜਾਂਦਾ ਹੈ ਜੋ ਕਿ ਨੀਮ-ਅਦਾਲਤੀ ਜਨਤਕ ਕਾਰਜ ਹੈ।

ਬੀ.ਸੀ. ਵਿਚ ਜਦੋਂ ਕਿਸੇ ਬੱਚੇ ਦੀ ਮੌਤ ਹੁੰਦੀ ਹੈ ਤਾਂ ਕੌਰੋਨਰਜ਼ ਸਰਵਿਸ ਦਾ ਚਾਇਲਡ ਡੈੱਥ ਰਿਵੀਊ ਬੋਰਡ ਇਸ ਚੀਜ਼ ਨੂੰ ਬਿਹਤਰ ਸਮਝਣ ਲਈ ਵੱਡੇ ਪੱਧਰ 'ਤੇ ਪੜਤਾਲ ਕਰਦਾ ਹੈ ਕਿ ਬੱਚੇ ਦੀ ਮੌਤ ਕਿਵੇਂ ਅਤੇ ਕਿਉਂ ਹੋਈ ਹੈ, ਅਤੇ ਨਿਕਲੇ ਨਤੀਜਿਆਂ ਦੀ ਵਰਤੋਂ ਹੋਰ ਮੌਤਾਂ ਤੋਂ ਰੋਕਥਾਮ ਕਰਨ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਸਾਰੇ ਬੱਚਿਆਂ ਦੀ ਸਿਹਤ, ਸੇਫਟੀ ਅਤੇ ਭਲਾਈ ਵਿਚ ਸੁਧਾਰ ਕਰਨ ਲਈ ਕਦਮ ਚੁੱਕਣ ਲਈ ਕੀਤੀ ਜਾਂਦੀ ਹੈ।

## ਪੁਲੀਸ

ਗੰਭੀਰ ਸੱਟ ਜਾਂ ਮੌਤ ਨਾਲ ਸੰਬੰਧਿਤ ਐਮਰਜੰਸੀ ਹਾਲਤਾਂ ਵਿਚ ਪੁਲੀਸ ਅਕਸਰ ਹੁੰਗਾਰਾ ਭਰਦੀ ਹੈ। ਇਹ ਪਤਾ ਲਾਉਣ ਲਈ ਕਿ ਕੀ ਕੋਈ ਮੁਜਰਮਾਨਾ ਜੁਰਮ ਹੋਇਆ ਹੈ ਜਾਂ ਨਹੀਂ, ਉਹ ਐਕਸੀਡੈਂਟਲ ਜਾਂ ਹਿੰਸਕ ਮੌਤ ਦੁਆਲੇ ਦੀਆਂ ਹਾਲਤਾਂ ਦੀ ਪੜਤਾਲ ਕਰਦੇ ਹਨ। ਪੁਲੀਸ ਹੋਰ ਏਜੰਸੀਆਂ ਬਾਰੇ ਵੀ ਜਾਣਕਾਰੀ ਦਿੰਦੀ ਹੈ ਜਿਹੜੀਆਂ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

## ਹੋਰ ਸੇਵਾਵਾਂ

### ਹੈਲਥ ਕੇਅਰ ਸਰਵਿਸਿਜ਼:

ਹਾਜ਼ਰ ਡਾਕਟਰ (ਜਾਂ ਕੌਰੋਨਰ) ਮੌਤ ਦਾ ਐਲਾਨ ਕਰਦਾ ਹੈ ਅਤੇ ਮੌਤ ਦਾ ਮੈਡੀਕਲ ਸਰਟੀਫਿਕੇਟ ਭਰਦਾ ਹੈ। ਜਿੱਥੇ ਅੰਗ ਦਾਨ ਸੰਭਵ ਹੋਵੇ, ਸਿਹਤ ਸੰਭਾਲ ਦੇ ਮਾਹਰ ਇਸ ਬਾਰੇ ਪਰਿਵਾਰ ਨਾਲ ਗੱਲ ਕਰਦੇ ਹਨ। ਜੇ ਮ੍ਰਿਤਕ ਵਿਅਕਤੀ ਅੰਗ ਦਾਨ ਕਰਨ ਬਾਰੇ ਰਜਿਸਟਰ ਨਾ ਹੋਇਆ ਹੋਵੇ ਤਾਂ ਨੇੜਲੇ ਰਿਸ਼ਤੇਦਾਰ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਜੇ ਚੁੱਕਣ ਵਾਲੀਆਂ ਨਿੱਜੀ ਚੀਜ਼ਾਂ ਹੋਣ ਤਾਂ ਹੈਲਥ ਕੇਅਰ ਸਥਾਨ ਦਾ ਸਟਾਫ ਪਰਿਵਾਰ ਨਾਲ ਸੰਪਰਕ ਕਰੇਗਾ। ਨੇੜਲੇ ਰਿਸ਼ਤੇਦਾਰ ਨੂੰ ਇਹ ਦੱਸਿਆ ਜਾਵੇਗਾ ਕਿ ਮ੍ਰਿਤਕ ਸਰੀਰ ਕਦੋਂ ਤਬਦੀਲੀ ਲਈ ਦਿੱਤਾ ਜਾਵੇਗਾ।

### ਵਾਇਟਲ ਸਟੈਟਿਸਟਿਕਸ ਏਜੰਸੀ:

ਵਾਇਟਲ ਸਟੈਟਿਸਟਿਕਸ ਮੌਤਾਂ ਦੀ ਰਜਿਸਟਰੇਸ਼ਨ ਕਰਦੀ ਹੈ ਅਤੇ ਆਰਡਰ ਕੀਤੇ ਮੁਤਾਬਕ ਮੌਤ ਦੇ ਸਰਟੀਫਿਕੇਟ ਦਿੰਦੀ ਹੈ (ਆਮ ਤੌਰ 'ਤੇ ਮੌਤ ਦਾ ਮੈਡੀਕਲ ਸਰਟੀਫਿਕੇਟ ਅਤੇ ਮ੍ਰਿਤਕ ਬਾਰੇ ਮੁਢਲੀ ਜਾਣਕਾਰੀ ਮਿਲਣ ਤੋਂ ਬਾਅਦ ਫਿਊਨਰਲ ਡਾਇਰੈਕਟਰ ਵਲੋਂ ਦਿੱਤਾ ਜਾਂਦਾ ਹੈ)। ਇਹ ਏਜੰਸੀ ਵਸੀਅਤ ਦੇ ਨੋਟਿਸ (ਪ੍ਰੋਬੇਟ ਕਾਰਜ ਦਾ ਹਿੱਸਾ) ਲਈ ਸਰਚ ਵੀ ਕਰਦੀ ਹੈ।

### ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ:

ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਅਤੇ ਜੇ ਮ੍ਰਿਤਕ ਵਿਅਕਤੀ ਦੇ ਸੰਸਕਾਰ ਦੇ ਖਰਚੇ ਦੇਣ ਲਈ ਉਸ ਵਿਅਕਤੀ ਦੀ ਜਾਇਦਾਦ ਜਾਂ ਪਰਿਵਾਰ ਕੋਲ ਕੋਈ ਵਸੀਲੇ ਨਾ ਹੋਣ ਤਾਂ ਇਨ੍ਹਾਂ ਖਰਚਿਆਂ ਵਿਚ ਮਨਿਸਟਰੀ ਮਦਦ ਕਰ ਸਕਦੀ ਹੈ। ਮ੍ਰਿਤਕ ਵਿਅਕਤੀ ਵਲੋਂ ਮਨਿਸਟਰੀ ਦੀ ਅਸਿਸਟੈਂਸ ਲੈ ਰਹੇ ਹੋਣ ਦੀ ਲੋੜ ਨਹੀਂ ਹੈ।

### ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ):

ਕਿਸੇ ਵਿਅਕਤੀ ਦੀ ਮੌਤ ਹੋ ਜਾਣ 'ਤੇ ਜੇ ਇਸਟੇਟ ਦਾ ਕੋਈ ਪ੍ਰਬੰਧਕ (ਐਗਜ਼ੀਕਿਊਟਰ) ਨਾ ਹੋਵੇ, ਜਾਂ ਜੇ ਇਸਟੇਟ ਦਾ ਪ੍ਰਬੰਧਕ ਬਣਨ ਲਈ ਕੋਈ ਖਾਹਸ਼ਮੰਦ ਜਾਂ ਯੋਗ ਨਾ ਹੋਵੇ ਤਾਂ ਪੀ ਜੀ ਟੀ ਇਸਟੇਟ ਦਾ ਪ੍ਰਬੰਧ ਚਲਾ ਸਕਦਾ ਹੈ। ਖਾਸ ਹਾਲਤਾਂ ਵਿਚ, ਬੱਚਿਆਂ (19 ਸਾਲ ਤੋਂ ਘੱਟ ਉਮਰ ਦੇ) ਅਤੇ ਮਾਨਸਿਕ ਅਪਾਹਜਤਾਵਾਂ ਵਾਲੇ ਬਾਲਗਾਂ ਦੇ ਕਾਨੂੰਨੀ ਅਤੇ ਮਾਇਕ ਹਿੱਤ ਸੁਰੱਖਿਅਤ ਰੱਖਣ ਵਿਚ ਵੀ ਪੀ ਜੀ ਟੀ ਦਾ ਰੋਲ ਹੁੰਦਾ ਹੈ।

BRITISH COLUMBIA

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਅਚਾਨਕ ਮੌਤ ਨਾਲ ਸਿੱਝ ਰਹੇ ਲੋਕਾਂ ਲਈ ਮਦਦ ਮੌਜੂਦ ਹੈ

**ਸੋਗ ਵਿਚ ਮਦਦ ਕਰਨ ਵਾਲੀਆਂ ਸੰਸਥਾਵਾਂ:**
ਬੀ ਸੀ ਬਿਰੀਵਮੈਂਟ ਹੈਲਪਲਾਈਨ (604) 738-9950 ਜਾਂ 1-877-779-2223 ਦੂਰੋਂ ਮੁਫਤ, ਕਿਸੇ ਪਿਆਰੇ ਦੀ ਮੌਤ ਨਾਲ ਸਿੱਝ ਰਹੇ ਵਿਅਕਤੀਆਂ ਲਈ ਫਾਇਦੇਮੰਦ ਵਸੀਲੇ ਪ੍ਰਦਾਨ ਕਰਦੀ ਹੈ।

**ਵਿਕਟਿਮਲਿੰਕ ਬੀ ਸੀ:**
ਇਕ ਮੁਫਤ, 24 ਘੰਟੇ ਖੁੱਲ੍ਹਣ ਵਾਲੀ, ਬਹੁਭਾਸ਼ਾਈ (1-800-563-0808) ਹੈਲਪਲਾਈਨ ਜਿਹੜੀ ਫੋਨ ਕਰਨ ਵਾਲਿਆਂ ਨੂੰ ਕਮਿਊਨਟੀ ਅਤੇ ਸਰਕਾਰੀ ਵਸੀਲਿਆਂ ਦੇ ਇਕ ਨੈੱਟਵਰਕ ਨਾਲ ਜੋੜ ਸਕਦੀ ਹੈ, ਜਿਸ ਵਿਚ ਸਮਾਜਿਕ, ਸਿਹਤ, ਅਤੇ ਨਿਆਂ ਦੇ ਵਸੀਲੇ ਸ਼ਾਮਲ ਹਨ ਜਿਵੇਂ ਕਿ ਪੀੜਤਾਂ ਨੂੰ ਸੇਵਾਵਾਂ, ਕੌਂਸਲਿੰਗ ਦੇ ਵਸੀਲੇ।

*ਖਾਸ ਸੇਵਾਵਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਇਸ ਜਾਣਕਾਰੀ ਸ਼ੀਟ ਦੇ ਅੰਤ ਵਿਚ **ਵਸੀਲੇ** ਵਾਲੇ ਭਾਗ ਵਿਚ ਦਿੱਤੀ ਗਈ ਹੈ।*

### ਫੌਰੀ ਮਦਦ ਅਤੇ ਲਗਾਤਾਰ ਮਦਦ ਕਿਵੇਂ ਲੈਣੀ ਹੈ

- ਜੇ ਫੌਰੀ ਪੁਲੀਸ ਜਾਂ ਡਾਕਟਰੀ ਸਹਾਇਤਾ ਦੀ ਲੋੜ ਹੋਵੇ ਤਾਂ 911 ਨੂੰ ਫੋਨ ਕਰੋ।
- ਆਪਣੇ ਨਾਲ ਹੋਣ ਲਈ ਕਿਸੇ ਨੂੰ ਸੱਦੋ। ਜੇ ਕੋਈ ਗੁਆਂਢੀ, ਦੋਸਤ, ਜਾਂ ਪਰਿਵਾਰ ਦਾ ਮੈਂਬਰ ਜਜ਼ਬਾਤੀ ਮਦਦ ਜਾਂ ਅਮਲੀ ਤਰੀਕਿਆਂ ਨਾਲ ਤੁਹਾਡੀ ਮਦਦ ਕਰ ਸਕਦਾ ਹੋਵੇ ਤਾਂ ਮਦਦ ਲਵੋ।
- ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ (1-800-563-0808 'ਤੇ ਮੁਫਤ) – ਵਿਕਟਿਮ ਸਰਵਿਸਿਜ਼ ਤੁਹਾਡੀ ਸਿੱਧੀ ਮਦਦ ਕਰ ਸਕਦੀ ਹੈ ਅਤੇ ਤੁਹਾਨੂੰ ਕਮਿਊਨਟੀ ਦੀਆਂ ਹੋਰ ਏਜੰਸੀਆਂ ਕੋਲ ਵੀ ਭੇਜ ਸਕਦੀ ਹੈ। ਜੇ ਮੌਤ ਕਿਸੇ ਜੁਰਮ ਕਾਰਨ ਹੋਈ ਹੈ ਤਾਂ ਵਿਕਟਿਮ ਸਰਵਿਸ ਵਰਕਰ ਤੁਹਾਨੂੰ ਕਰਿਮੀਨਲ ਜਸਟਿਸ ਸਿਸਟਮ ਬਾਰੇ, ਕੇਸ ਦੀ ਸਥਿਤੀ ਬਾਰੇ, ਅਤੇ ਤੁਹਾਡੇ ਹੱਕਾਂ ਬਾਰੇ ਜਾਣਕਾਰੀ ਦੇ ਸਕਦਾ ਹੈ। ਵਿਕਟਿਮ ਸਰਵਿਸ ਵਰਕਰ ਕਰਿਮੀਨਲ ਜਸਟਿਸ ਦੀ ਕਾਰਵਾਈ ਦੌਰਾਨ ਤੁਹਾਡੀ ਮਦਦ ਕਰ ਸਕਦਾ ਹੈ।
- ਕੋਈ ਵੀ ਹੋਰ ਮਦਦ ਜਾਂ ਹਿਮਾਇਤ ਲੈਣ ਲਈ ਆਪਣੇ ਡਾਕਟਰ ਜਾਂ ਕੌਂਸਲਰ ਕੋਲ ਜਾਉ, ਜਿਸ ਦੀ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਸੋਗ ਦੇ ਸਮੇਂ ਦੌਰਾਨ ਮਦਦ ਲਈ ਲੋੜ ਹੈ।

ਜੁਰਮਾਂ ਤੋਂ ਪੀੜਤਾਂ ਦੀ ਬੀ.ਸੀ. ਦੇ *ਵਿਕਟਿਮਜ਼ ਆਫ ਕਰਾਇਮ ਐਕਟ* ਅਧੀਨ ਹਿਫਾਜ਼ਤ ਕੀਤੀ ਜਾਂਦੀ ਹੈ। ਇਹ ਐਕਟ, ਪੀੜਤਾਂ ਨਾਲ ਸਨਮਾਨ ਅਤੇ ਆਦਰ ਵਾਲਾ ਵਰਤਾਉ ਹੋਣ ਅਤੇ ਕਰਿਮੀਨਲ ਜਸਟਿਸ ਸਿਸਟਮ ਅਤੇ ਆਪਣੇ ਕੇਸ ਬਾਰੇ ਜਾਣਕਾਰੀ ਲੈਣ ਦੇ ਹੱਕ ਦੀ ਰੱਖਿਆ ਕਰਦਾ ਹੈ।

### ਵਿਹਾਰਕ ਮਾਮਲਿਆਂ ਦੀ ਸੰਭਾਲ ਕਰਨਾ

ਕਿਸੇ ਅਚਾਨਕ ਮੌਤ ਤੋਂ ਬਾਅਦ ਸਾਰੇ ਵਿਹਾਰਕ ਮਾਮਲਿਆਂ ਨੂੰ ਸੰਭਾਲਣਾ ਬਹੁਤ ਔਖਾ ਹੋ ਸਕਦਾ ਹੈ। ਖਾਸ ਕੰਮਾਂ ਦੀ ਨਿਸ਼ਾਨ ਲਾਉਣ ਵਾਲੀ ਲਿਸਟ ਬਣਾਉਣਾ ਮਦਦ ਕਰ ਸਕਦਾ ਹੈ। ਅਤੇ, ਜੇ ਤੁਹਾਡੇ ਕੋਲ ਦੂਜਿਆਂ ਦੀ ਮਦਦ ਹੈ ਤਾਂ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਦਿਉ। ਆਪਣੀ ਨਿਸ਼ਾਨ ਲਾਉਣ ਵਾਲੀ ਲਿਸਟ 'ਤੇ ਅੱਗੇ ਲਿਖੀਆਂ ਚੀਜ਼ਾਂ ਸ਼ੁਰੂ ਕਰਨ ਵਿਚ ਮਦਦ ਕਰ ਸਕਦੀਆਂ ਹਨ:

- ਘਰ ਦੀਆਂ ਲੋੜਾਂ ਬਾਰੇ ਵਿਚਾਰ ਕਰੋ, ਜਿਵੇਂ ਕਿ ਗਰੌਸਰੀ, ਖਾਣੇ, ਬੱਚਿਆਂ ਦੀ ਸੰਭਾਲ, ਕੱਪੜੇ ਧੋਣਾ, ਆਉਣ ਜਾਣ ਦਾ ਸਾਧਨ, ਅਪੌਇੰਟਮੈਂਟਾਂ ਆਦਿ।
- ਪਰਿਵਾਰ, ਦੋਸਤਾਂ ਅਤੇ ਹੋਰਨਾਂ ਲੋਕਾਂ (ਜਿਵੇਂ ਕਿ ਕੰਮ ਜਾਂ ਸਕੂਲ ਵਿਚਲੇ ਲੋਕ) ਦੀ ਲਿਸਟ ਬਣਾਉ ਜਿਨ੍ਹਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਦੱਸੋ। ਉਨ੍ਹਾਂ ਸਾਰੇ ਟੈਲੀਫੋਨਾਂ ਦੀ ਲਿਸਟ ਬਣਾਉ ਜਿਹੜੇ ਕਰਨ ਦੀ ਲੋੜ ਹੈ ਜਾਂ ਜਿਨ੍ਹਾਂ 'ਤੇ ਵਾਪਸ ਫੋਨ ਕਰਨ ਦੀ ਲੋੜ ਹੈ।
- ਜੇ ਮੌਤ ਮੀਡੀਏ ਦੇ ਧਿਆਨ ਵਿਚ ਆਈ ਹੈ ਤਾਂ ਇਹ ਫੈਸਲਾ ਕਰੋ ਕਿ ਮੀਡੀਏ ਦੀਆਂ ਇਨਕੁਆਰੀਆਂ ਦਾ ਜਵਾਬ ਕਿਵੇਂ ਦੇਣਾ ਹੈ ਅਤੇ ਇਹ ਜਵਾਬ ਕੌਣ ਦੇਵੇਗਾ। ਜੇ ਤੁਸੀਂ ਜਾਂ ਤੁਹਾਡਾ ਪਰਿਵਾਰ ਮੀਡੀਏ ਨਾਲ ਜਾਣਕਾਰੀ ਸਾਂਝੀ ਕਰਨ ਦੀ ਚੋਣ ਕਰਦੇ ਹੋ ਤਾਂ ਪਹਿਲਾਂ ਹੀ ਇਹ ਫੈਸਲਾ ਕਰੋ ਕਿ ਕਿਹੜੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਕਿਹੜੀ ਨਹੀਂ ਦਿੱਤੀ ਜਾਵੇਗੀ।
- ਉਸ ਫਿਊਨਰਲ ਹੋਮ ਅਤੇ ਧਾਰਮਿਕ ਸੰਸਥਾ ਨਾਲ ਸੰਪਰਕ ਕਰੋ ਜਿਸ ਤੋਂ ਸੇਵਾਵਾਂ ਲੈਣੀਆਂ ਹਨ। ਫਿਊਨਰਲ ਦੀ ਕਿਸਮ ਜਾਂ ਯਾਦ ਵਿਚ ਹੋਰ ਸਰਵਿਸ ਦਾ ਅਤੇ ਇਸ ਦੇ ਸਮੇਂ ਅਤੇ ਸਥਾਨ ਦਾ ਫੈਸਲਾ ਕਰੋ। (ਜੇ ਤੁਹਾਡੇ ਪਿਆਰੇ ਨੇ ਵਸੀਅਤ ਬਣਾਈ ਹੋਈ ਹੈ ਤਾਂ ਉਸ ਨੇ ਸੰਸਕਾਰ ਜਾਂ ਦਫਨਾਉਣ ਅਤੇ ਫਿਊਨਰਲ ਸਰਵਿਸ ਬਾਰੇ ਆਪਣੀਆਂ ਇੱਛਾਵਾਂ ਇਸ ਵਿਚ ਸ਼ਾਮਲ ਕੀਤੀਆਂ ਹੋ ਸਕਦੀਆਂ ਹਨ)।
- ਇਹ ਪਤਾ ਲਾਉ ਕਿ ਫਿਊਨਰਲ ਡਾਇਰੈਕਟਰ ਕਿਹੜੇ ਕੰਮ ਕਰੇਗਾ (ਜਿਵੇਂ ਕਿ ਮੌਤ ਦੀ ਸੂਚਨਾ ਅਖਬਾਰਾਂ ਨੂੰ ਭੇਜਣਾ, ਮੌਤ ਦੇ ਸਰਟੀਫਿਕੇਟ ਦੀਆਂ ਕਾਪੀਆਂ ਲੈਣਾ)। ਜਿਹੜੇ ਕੰਮ ਤੁਸੀਂ ਕਰਨੇ ਹਨ, ਉਨ੍ਹਾਂ ਬਾਰੇ ਫਿਊਨਰਲ ਡਾਇਰੈਕਟਰ ਦੀ ਸਲਾਹ ਲਵੋ (ਜਿਵੇਂ ਮੌਤ ਦੀ ਸੂਚਨਾ ਲਿਖਣਾ, ਮੋਢਾ ਦੇਣ ਵਾਲਿਆਂ ਦੀ ਚੋਣ ਕਰਨਾ, ਰਿਸੈਪਸ਼ਨ ਦਾ ਪ੍ਰਬੰਧ ਕਰਨਾ)। ਫਿਊਨਰਲ ਦੀ ਪਲੈਨ ਬਣਾਉਣ ਅਤੇ ਇਸ ਨਾਲ ਸੰਬੰਧਿਤ ਮਾਮਲਿਆਂ 'ਤੇ ਫਿਊਨਰਲ ਸਰਵਿਸ ਐਸੋਸੀਏਸ਼ਨ ਆਫ ਬੀ ਸੀ ਕੋਲ ਮਦਦ ਕਰਨ ਵਾਲੀ ਜਾਣਕਾਰੀ ਹੈ।
- ਮ੍ਰਿਤਕ ਵਿਅਕਤੀ ਦੇ ਵਕੀਲ ਨਾਲ ਜਾਂ ਇਸਟੇਟ ਦੇ ਪ੍ਰਬੰਧਕ ਨਾਲ ਸੰਪਰਕ ਕਰੋ। ਜੇ ਕੋਈ ਵਸੀਅਤ ਨਹੀਂ ਹੈ ਜਾਂ ਕਿਸੇ ਪ੍ਰਬੰਧਕ ਦਾ ਨਾਂ ਨਹੀਂ ਹੈ ਤਾਂ ਇਹ ਫੈਸਲਾ ਕਰੋ ਕਿ ਕਿ ਮ੍ਰਿਤਕ ਵਿਅਕਤੀ ਦਾ ਕਾਨੂੰਨੀ ਨੁਮਾਇੰਦਾ ਕੌਣ ਹੋਵੇਗਾ ਅਤੇ ਇਸਟੇਟ ਦਾ ਪ੍ਰਬੰਧ ਕੌਣ ਕਰੇਗਾ। ਜੇ ਇਸਟੇਟ ਦਾ ਪ੍ਰਬੰਧ ਕਰਨ ਲਈ ਕੋਈ ਢੁਕਵਾਂ ਵਿਅਕਤੀ ਨਾ ਹੋਵੇ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ।



BRITISH COLUMBIA | Ministry of Justice

- ਇਹ ਪਤਾ ਕਰੋ ਕਿ ਕੀ ਸੰਸਕਾਰ ਦੇ ਖਰਚਿਆਂ ਲਈ ਪੈਸਿਆਂ ਦੇ ਵਸੀਲੇ ਹਨ ਅਤੇ ਇਨ੍ਹਾਂ ਲਈ ਅਤੇ ਮੌਜੂਦ ਬੈਨੇਫਿਟਸ ਦੀਆਂ ਹੋਰ ਕਿਸਮਾਂ ਲਈ ਅਪਲਾਈ ਕਰੋ (ਜਿਵੇਂ ਪ੍ਰਾਈਵੇਟ ਇਨਸ਼ੋਰੈਂਸ ਜਾਂ ਰੁਜ਼ਗਾਰ ਨਾਲ ਸੰਬੰਧਿਤ ਬੈਨੇਫਿਟਸ, ਕੈਨੇਡਾ ਪੈਨਸ਼ਨ ਪਲੈਨ ਦੇ ਪਿੱਛੇ ਰਹਿ ਗਏ ਲਈ ਬੈਨੇਫਿਟਸ, ਬੀ.ਸੀ. ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਬੈਨੇਫਿਟਸ, ਬੀ.ਸੀ. ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਬੈਨੇਫਿਟਸ)।
- ਇਹ ਫੈਸਲਾ ਕਰੋ ਕਿ ਮੌਤ ਦੇ ਸਰਟੀਫਿਕੇਟ ਦੀਆਂ ਕਿੰਨੀਆਂ ਕਾਪੀਆਂ ਦੀ ਲੋੜ ਪਵੇਗੀ, ਅਤੇ ਇਹ ਫਿਊਨਰਲ ਡਾਇਰੈਕਟਰ ਜਾਂ ਵਾਇਟਲ ਸਟੈਟਿਸਟਿਕਸ ਏਜੰਸੀ ਤੋਂ ਲਵੋ।

## ਵਸੀਲੇ

### ਬੀ ਸੀ ਬਿਰੀਵਮੈਂਟ ਹੈਲਪਲਾਈਨ

- ਫੋਨ: (604) 738-9950 ਜਾਂ ਦੂਰੋਂ ਮੁਫਤ 1-877-779-2223
- ਈ-ਮੇਲ: bcbh@telus.net
- ਵੈੱਬਸਾਈਟ: bcbh@telus.net

### ਬੀ ਸੀ ਕੌਰੋਨਰਜ਼ ਸਰਵਿਸ

ਅੱਗੇ ਲਿਖੇ ਨੰਬਰਾਂ 'ਤੇ ਇਨਕੁਆਰੀ ਬੀ ਸੀ ਰਾਹੀਂ ਫੋਨ ਕਰੋ:

- ਫੋਨ: (604) 660-2421 ਵੈਨਕੂਵਰ ਵਿਚ, (250) 387-6121 ਵਿਕਟੋਰੀਆ ਵਿਚ, ਜਾਂ ਦੂਰੋਂ ਮੁਫਤ 1-800-663-7867
- ਟੀ ਡੀ ਡੀ (ਬੋਲ਼ਿਆਂ ਲਈ ਟੈਲੀਫੋਨ ਯੰਤਰ): (604) 775-0303 ਵੈਨਕੂਵਰ ਵਿਚ ਜਾਂ ਦੂਰੋਂ ਮੁਫਤ 1-800-661-8773
- ਈ-ਮੇਲ: BC.CorSer@gov.bc.ca
- ਵੈੱਬਸਾਈਟ: www.pssg.gov.bc.ca/coroners/

### ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

- ਫੋਨ: ਮੁਫਤ 1-866-660-3888
- ਈ-ਮੇਲ: cvap@gov.bc.ca
- ਵੈੱਬਸਾਈਟ: www.pssg.gov.bc.ca/victimservices/financial/

### ਫਿਊਨਰਲ ਸਰਵਿਸ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ

- ਫੋਨ: (250) 592-3213 ਜਾਂ ਦੂਰੋਂ ਮੁਫਤ 1-800-665-3899
- ਵੈੱਬਸਾਈਟ: www.bcfunerals.com

### ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬ੍ਰਿਟਿਸ਼ ਕੋਲੰਬੀਆ – ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼

ਫੋਨ: (604) 660-0963 ਜਾਂ ਅੱਗੇ ਲਿਖੇ ਨੰਬਰਾਂ 'ਤੇ ਇਨਕੁਆਰੀ ਬੀ ਸੀ ਰਾਹੀਂ ਕਰੋ:

- ਫੋਨ: (604) 660-2421 ਵੈਨਕੂਵਰ ਵਿਚ, (250) 387-6121 ਵਿਕਟੋਰੀਆ ਵਿਚ, ਜਾਂ ਦੂਰੋਂ ਮੁਫਤ 1-800-663-7867
- ਟੀ ਡੀ ਡੀ (ਬੋਲ਼ਿਆਂ ਲਈ ਟੈਲੀਫੋਨ ਯੰਤਰ): (604) 775-0303 ਵੈਨਕੂਵਰ ਵਿਚ ਜਾਂ ਦੂਰੋਂ ਮੁਫਤ 1-800-661-8773
- ਈ-ਮੇਲ: estates@trustee.bc.ca
- ਵੈੱਬਸਾਈਟ: www.trustee.bc.ca/services/estate

### ਵਿਕਟਿਮਲਿੰਕ ਬੀ ਸੀ

- ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।
- ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ (ਬੀ.ਸੀ. ਅਤੇ ਯੂਕੋਨ ਵਿਚ ਮੁਫਤ)। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ। 604-836-6381 'ਤੇ ਟੈਕਸਟ ਕਰੋ।
- ਈਮੇਲ: victimLinkBC@bc211.ca
- www.victimlinkbc.ca

### ਵਾਇਟਲ ਸਟੈਟਿਸਟਿਕਸ ਏਜੰਸੀ

ਫੋਨ: (604) 660-2937 ਵੈਨਕੂਵਰ ਵਿਚ, (250) 952-2681 ਵਿਕਟੋਰੀਆ ਵਿਚ ਜਾਂ ਅੱਗੇ ਲਿਖੇ ਨੰਬਰਾਂ 'ਤੇ ਇਨਕੁਆਰੀ ਬੀ ਸੀ ਰਾਹੀਂ ਕਰੋ:

- ਫੋਨ: (604) 660-2421 ਵੈਨਕੂਵਰ ਵਿਚ, (250) 387-6121 ਵਿਕਟੋਰੀਆ ਵਿਚ, ਜਾਂ ਦੂਰੋਂ ਮੁਫਤ 1-800-663-7867
- ਟੀ ਡੀ ਡੀ (ਬੋਲ਼ਿਆਂ ਲਈ ਟੈਲੀਫੋਨ ਯੰਤਰ): (604) 775-0303 ਵੈਨਕੂਵਰ ਵਿਚ ਜਾਂ ਦੂਰੋਂ ਮੁਫਤ 1-800-661-8773
- ਈ-ਮੇਲ: "ਵੈੱਬਸਾਈਟ ਦੇ "ਕੌਨਟੈਕਟਸ" ਪੇਜ ਰਾਹੀਂ
- ਵੈੱਬਸਾਈਟ: www.vs.gov.bc.ca

**ਕਿਰਪਾ ਕਰਕੇ ਨੋਟ ਕਰੋ:** *ਇਹ ਲਿਖਤ ਸਿਰਫ ਆਮ ਜਾਣਕਾਰੀ ਦਿੰਦੀ ਹੈ। ਇਸ ਦਾ ਮਕਸਦ ਕੋਈ ਕਾਨੂੰਨੀ ਜਾਣਕਾਰੀ ਜਾਂ ਸਲਾਹ ਦੇਣਾ ਨਹੀਂ ਹੈ।*

BRITISH COLUMBIA